नामांक Roll No.

Sl.No. :

|  |  |  |  |  |  |  |
|---|---|---|---|---|---|---|
|  |  |  |  |  |  |  |

No. of Questions – 20
No. of Printed Pages – 7

**SS-25-Punjabi Sah.**

# उच्च माध्यमिक परीक्षा, 2025

# SENIOR SECONDARY EXAMINATION, 2025

## पंजाबी साहित्य

## PUNJABI SAHITYA

**Time : 3¼ Hours**

**Maximum Marks : 80**

Tear Here

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

यहाँ से काटिए

### ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ ।

2. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ 14 ਤੋਂ 20 ਤਕ ਆਂਤਰਿਕ ਵਿਕਲਪ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

## ਖੰਡ – ੳ

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :** **[18 × 1 = 18]**

i) 'ਚੰਗਾ ਹੁੰਦਾ ਹੈ ਉਦਾਸ ਹੋਣਾ' ਕਵਿਤਾ ਦਾ ਕਵੀ ਹੈ :

ੳ) ਗੁਰਤੇਗ ਕੋਹਾਰਵਾਲਾ ਅ) ਡਾ. ਵਨੀਤਾ

ੲ) ਡਾ. ਜਗਤਾਰ ਸ) ਡਾ. ਪਾਲ ਕੌਰ

ii) ਗੁਰਤੇਜ ਕੋਹਾਰਵਾਲਾ ਦੀ ਗ਼ਜ਼ਲ ਹੈ :

ੳ) ਕਿਤਾਬਾਂ ਵਰਗੇ ਲੋਕਾਂ ਅ) ਅਰਦਾਸ ਕਰੀਂ

ੲ) ਕਿਤਾਬਾਂ ਤੇ ਕੁੜੀਆਂ ਸ) ਜੇ ਤੁਰਿਐ

iii) 'ਵਾਰਸ ਸ਼ਾਹ' ਤੇ ਬੁੱਲ੍ਹੇ ਦੇ ਰੰਗ ਅੰਦਰ,
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ ।

ਇਹ ਸਤਰਾਂ ਕਿਹੜੇ ਕਵੀ ਦੀਆਂ ਹਨ ?

ੳ) ਪ੍ਰੋ. ਪੂਰਨ ਸਿੰਘ ਅ) ਧਨੀ ਰਾਮ ਚਾਤ੍ਰਿਕ

ੲ) ਪ੍ਰੋ. ਮੋਹਨ ਸਿੰਘ ਸ) ਬਾਬੂ ਫੀਰੋਜ਼ਦੀਨ ਸ਼ਰਫ਼

iv) "ਭੁੱਖਾ ਕਿਸੇ ਮਾਂ ਦਾ ਜਵਾਕ ਨਾ ਰੋਊਗਾ,
ਸਾਰਿਆਂ ਦੇ ਨਾਲ ਇਨਸਾਫ਼ ਹੋਊਗਾ" ।

ਇਹ ਸਤਰਾਂ ਕਿਹੜੀ ਕਵੀਤਾ ਵਿੱਚੋਂ ਹਨ ?

ੳ) (ਹਾਣੀਆ) ਗੀਤ ਅ) ਸਭ ਤੋਂ ਖਤਰਨਾਕ

ੲ) ਧਰਤੀ ਦੇ ਬੋਲ ਸ) ਦੁਸ਼ਮਣੀ ਦੀ ਦਾਸਤਾਨ

v) 'ਮਲ ਮਲ ਕੇ ਫਿਰ ਧੋਤਾ ਇਸ ਨੂੰ ਮੈਲ ਇਲਮ ਦੀ ਲਾਗੀ ।'

ਉਪਰੋਕਤ ਸਤਰ ਵਿੱਚ 'ਇਲਮ' ਸ਼ਬਦ ਦਾ ਸਹੀ ਅਰਥ ਹੈ :

ੳ) ਕਾਲਾ ਇਲਮ ਅ) ਤਵੀਤ ਧਾਗਾ

ੲ) ਭੂਤ ਭ੍ਰੇਤ ਦਾ ਭੈਅ ਸ) ਗਿਆਨ

vi) 'ਗਰੀਬ ਕਿਰਸਾਣ' ਕਵਿਤਾ ਅਨੁਸਾਰ ਕਿਹੜੇ ਦੇਸ਼ ਦੇ ਜੱਟ ਮਾਲੋ-ਮਾਲ ਹੋ ਰਹੇ ਹਨ ?

ੳ) ਭਾਰਤ ਅ) ਇੰਗਲੈਂਡ

ੲ) ਅਮਰੀਕਾ ਸ) ਇਜ਼ਰਾਇਲ

vii) 'ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਨੇ ਨਾਂ' ਕਵਿਤਾ ਅਨੁਸਾਰ ਵੱਢ ਖਾਣੀਆਂ ਸੱਸਾਂ ਦਾ ਰੂਪ ਕਿਸ ਨੇ ਧਾਰਿਆ ਹੋਇਆ ਹੈ ?

ੳ) ਹਰਖੀ ਸੱਸਾਂ ਨੇ ਅ) ਚਾਲਾਕ ਸੱਸਾਂ ਨੇ

ੲ) ਵਹਿਮੀ ਸੱਸਾਂ ਨੇ ਸ) ਸਮਾਜੀ ਕਦਰਾਂ ਨੇ

viii) 'ਦੁਸਮਣੀ ਦੀ ਦਾਸਤਾਨ' ਕਵਿਤਾ ਦਾ ਕਵੀ ਕਿਹੜੇ ਪਰਾਏ ਮੁਲਕ ਵਿੱਚ ਵਸਦੇ ਯਾਰ ਲਈ ਲੁੱਛਦਾ ਰਹਿੰਦਾ ਹੈ ?

ੳ) ਕਸ਼ਮੀਰ ਅ) ਚੀਨ

ੲ) ਪਾਕਿਸਤਾਨ ਸ) ਰੂਸ

ix) 'ਬਦੇਸ਼ੀ ਸੌਦਾਗਰ' ਕਵਿਤਾ ਅਨੁਸਾਰ ਚਾਲਾਕ ਸੌਦਾਗਰ ਸਾਡੇ ਤੋਂ ਬਾਰੂਦ ਦਾ ਮੁੱਲ ਵਸੂਲਣ ਬਦਲੇ ਸਾਨੂੰ ਫਰੀ 'ਚ ਕੀ ਦਿੰਦੇ ਹਨ ?

ੳ) ਬਿਜਲੀ ਦਾ ਸਾਮਾਨ ਅ) ਦੁਸ਼ਮਣੀ

ੲ) ਤੋਪ ਦੇ ਗੋਲੇ ਸ) ਭੁੱਖ

x) 'ਪੰਜ ਡਾਲਰ ਦਾ ਨੋਟ' ਕਹਾਣੀ ਦੇ ਕਹਾਣੀਕਾਰ ਹਨ :

ੳ) ਅਮਨਪਾਲ ਸਾਰਾ ਅ) ਹਰਪ੍ਰੀਤ ਸਿੰਘ ਸੇਖਾ

ੲ) ਨਾਨਕ ਸਿੰਘ ਸ) ਗੁਰਦਿਆਲ ਸਿੰਘ

xi) 'ਬਲਵਿੰਦਰ ਸਿੰਘ ਗਰੇਵਾਲ' ਦੀ ਕਹਾਣੀ ਰਚਨਾ ਹੈ :

ੳ) ਮੋਹ-ਪਾਸ਼ ਅ) ਗੁੱਡ ਡੀਅਲ

ੲ) ਭੂਆ ਸ) ਆਤੂ ਖੋਜੀ

xii) 'ਹਵਾ' ਕਹਾਣੀ ਦੇ ਮੁੱਖ-ਪਾਤਰ ਹੈ :

ੳ) ਘੁੱਦੂ ਅ) ਮਦਨ

ੲ) ਗੁਰਬੰਦਤਾ ਸ) ਬਾਰੂ

xiii) ਕੇਲੂ ਦੀ ਤਰੱਕੀ ਹੋਣ ਤੇ ਉਸ ਦੀ ਬਦਲੀ ਕਿੱਥੇ ਕਰ ਦਿੱਤੀ ਗਈ ਸੀ ?

ੳ) ਬੰਗਾਲ ਅ) ਪਟਿਆਲੇ

ੲ) ਅਸਾਮ ਸ) ਮਦਰਾਸ

xiv) "ਇਹੋ ਕਸ਼ਮੀਰ ਚਾਚੀ, ਵਿਹ ਸਾਰਾ ਕਸ਼ਮੀਰ ਦਾ ਹੀ ਝਗੜਾ ਤਾਂ ਹੈ । ਪਕਿਸਤਾਨ ਸਾਥੋਂ ਇਹਨੂੰ ਖੋਹਣਾ ਚਾਹੁੰਦੈ" । ਸ਼ਹੀਦ ਦੀ ਮਾਂ ਕਹਾਣੀ ਵਿੱਚ ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?

ੳ) ਚਰਨਜੀਤ ਨੇ ਜਸਵੰਤ ਕੌਰ ਨੂੰ ਅ) ਚਰਨਜੀਤ ਨੇ ਸਤਵੰਤ ਕੌਰ ਨੂੰ

ੲ) ਚਰਨਜੀਤ ਨੇ ਗੁਰਜੀਤ ਨੂੰ ਸ) ਗੁਰਜੀਤ ਨੇ ਚਾਚੀ ਨੂੰ

xv) "ਭਲਾ ਹੋਇਆ ਮੇਰਾ ਚਰਖਾ ਟੁੱਟਾ ਜ਼ਿੰਦ ਅਜ਼ਾਬੋਂ ਛੁੱਟੀ" । - ਇਹ ਸ਼ਬਦ ਵਰਤੇ ਹਨ ?

ੳ) ਭੂਆ ਨੇ ਅ) ਮੈਂ ਪਾਤਰ ਨੇ

ੲ) ਭਰਜਾਈ ਨੇ ਸ) ਕੁੰਢੇ ਨੇ

xvi) 'ਆਪਣਾ ਆਪਣਾ ਹਿੱਸਾ' ਕਹਾਣੀ ਦਾ ਕਿਹੜਾ ਪਾਤਰ ਪੜ੍ਹਾਈ ਵੱਲੋਂ ਲਾਪਰਵਾਹ ਤੇ ਸ਼ਰਾਰਤਾਂ 'ਚ ਨੰਬਰ ਇੱਕ ਸੀ ।

ੳ) ਘੁੱਦੂ ਅ) ਸਵਰਨ ਸਿੰਘ

ੲ) ਬਿਸ਼ਨ ਸਿੰਘ ਸ) ਕਰਮ ਸਿੰਘ

xvii) ਸ਼ਿੰਗਾਰ ਰਸ ਦਾ ਸਥਾਈ ਭਾਵ ਹੈ :

ੳ) ਪ੍ਰੇਮ ਜਾਂ ਪ੍ਰੀਤ ਅ) ਹਾਸਾ

ੲ) ਉਤਸ਼ਾਹ ਸ) ਭੈਅ

xviii) 'ਕਲਮ ਦਾ ਧਨੀ' ਮੁਹਵਰੇ ਦਾ ਸਹੀ ਅਰਥ ਹੈ :

ੳ) ਸੰਪਾਦਕ ਅ) ਵਿਗਿਆਨਿਕ

ੲ) ਵੱਡਾ ਅਫ਼ਸਰ ਸ) ਵੱਡਾ ਲਿਖਾਰੀ

**2. ਹੇਠ ਲਿਖੀਆਂ ਖਾਲੀ ਥਾਵਾਂ ਭਰੋ : [6 × 1 = 6]**

i) ਪਰ ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ,..............................ਕੁੜੇ।

ii) ਵੰਡਿਆ ਕਰੋ ਜੀ......................................ਲੋਹੜੀਆਂ ।

iii) ਬੀਜ ਬੀਜਣ, ਇਹ ਹਲ ਚਲਾਣ-..................................।

iv) ਗ਼ਰੀਬਾਂ ਰੱਖੇ ਰੋਜ਼ੇ....................................................।

v) ਵਾਦੜੀਆਂ ਸਜਾਦੜੀਆਂ ਨਿਭਣ....................................।

vi) "ਕਚਹਿਰੀ ਵਿੱਚ ਤਾਂ............................ ਮੰਗਦਿਆ ਹਨ?"

**3. ਹੇਠ ਲਿਖੇ ਪ੍ਰਸ਼ਨਾ ਨੂੰ ਹੱਲ ਕਰੋ :- [12 × 1 = 12]**

i) ਹੱਥਾਂ ਦੇ ਵਿੱਚ ਡਿਗਰੀਆਂ (ਗ਼ਜ਼ਲ) ਦੇ ਕਵੀ ਅਨੁਸਾਰ ਸਰਕਾਰ ਨਿੱਤ ਕਿਹੜਾ ਦਾਅਵਾ ਕਰਦੀ ਹੈ ?

ii) 'ਆਇਆ ਨੰਦ ਕਿਸ਼ੋਰ' ਕਵਿਤਾ ਦੀ ਮਾਧੁਰੀ ਪਿੰਡ ਦੇ ਸਕੂਲ ਵਿੱਚ ਸੁਹਣੀ ਪੱਟੀ ਪੋਚ ਕੇ ਕੀ ਲਿਖ ਰਹੀ ਹੈ ?

iii) 'ਅੱਖਾਂ ਦਾ ਤਾਰਾ ਹੋਣਾ' ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪੱਸ਼ਟ ਕਰੋ ।

**(iv-vi) ਹੇਠਾਂ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :**

iv) ਅਧਿਆਪਕ ਨੇ ਕਿਹਾ ਨਿਮਰਤਾ ਵਿਦਿਆਰਥੀ ਦੀ ਸਭ ਤੋਂ ਵੱਡੀ ਪੂੰਜੀ ਹੈ

v) ਮਨਿੰਦਰ ਸਿੰਘ ਨੇ ਐੱਮ ਏ ਪਾਸ ਕੀਤੀ ਹੈ

vi) ਸਰਦੀਆਂ ਵਿੱਚ ਗਾਜਰ ਮੂਲੀ ਪਾਲਕ ਸਾਗ ਮਟਰ ਆਦਿ ਦੀ ਵਰਤੋਂ ਬਹੁਤ ਹੁੰਦੀ ਹੈ

**(vii-xii) ਵਾਕ ਬੋਧ :**

vii) ਮਜ਼ਦੂਰ ਮੋਟੇ ਕੱਪੜੇ ਪਾ ਕੇ ਖੇਤਾਂ ਨੂੰ ਨਿਕਲ ਤੁਰੇ। (ਵਾਕ ਵਿੱਚੋਂ ਉਦੇਸ਼ ਚੁਣੋ)

viii) ਮਾਤਾ ਖਾਣਾ ਪਕਾ ਰਹੀ ਹੈ ਪਰ ਬੱਚੇ ਖੇਡ ਰਹੇ ਹਨ।
(ਬਣਤਰ ਦੇ ਆਧਾਰ 'ਤੇ ਵਾਕ-ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

ix) ਰਾਜਸਥਾਨ ਦੀ ਕਬੱਡੀ ਟੀਮ ਖ਼ੁਸ਼ ਹੈ ਕਿਉਂਕਿ ਉਹਨਾਂ ਨੇ ਮੈਚ ਜਿੱਤ ਲਿਆ ਹੈ ।
(ਬਣਤਰ ਦੇ ਆਧਾਰ 'ਤੇ ਵਾਕ-ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

x) ਰੁੱਖਾਂ ਦੀ ਕਟਾਈ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?
(ਕਾਰਜ ਦੇ ਆਧਾਰ 'ਤੇ ਵਾਕ-ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

xi) ਚੰਗੇ ਮੁੰਡੇ ਹਮੇਸ਼ਾ ਸੱਚ ਬੋਲਦੇ ਹਨ ।
(ਕਾਰਜ ਦੇ ਆਧਾਰ 'ਤੇ ਵਾਕ-ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

xii) ਸਰਦਾਰ ਪ੍ਰਗਟ ਸਿੰਘ ਹਾਕੀ ਦੇ ਚੰਗੇ ਖਿਡਾਰੀ ਸਨ ।
(ਵਾਕ ਵਿੱਚੋਂ ਕਰਤਾ ਚੁਣੋ)

## ਖੰਡ – ਅ

**(4-8) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[5 × 2 = 10]**

ਵਿਸ਼ਵ ਅਮਨ ਸਮੇਂ ਉਸਾਰੂ ਕੰਮਾਂ ਵੱਲ ਕਦਮ ਵੱਧਦੇ ਹਨ । ਔਰਤਾਂ ਦੇ ਸਨਮਾਨ ਤੇ ਘੱਟ ਗਿਣਤੀਆਂ ਦੇ ਭਲੇ ਦਾ ਰਾਹ ਮੋਕਲਾ ਹੁੰਦਾ ਹੈ । ਅਸਮਾਨਤਾ ਦਾ ਹਨ੍ਹੇਰਾ ਦੂਰ ਹੁੰਦਾ ਹੈ । ਆਪਸੀ ਝਗੜੇ ਗੱਲਬਾਤ ਨਾਲ ਨਜਿੱਠੇ ਜਾਣ ਦਾ ਵਾਤਾਵਰਣ ਸਿਰਜਿਆ ਜਾਂਦਾ ਹੈ । ਇੰਝ ਨਫ਼ਰਤ ਗੁੱਸੇ ਖਤਮ ਕੀਤੇ ਜਾ ਸਕਦੇ ਹਨ । ਗਰੀਬੀ ਤੇ ਬੀਮਾਰੀਆਂ ਨਾਲ ਲੜਣ ਲਈ ਰਾਹ ਪੱਧਰਾ ਹੋ ਸਕਦਾ ਹੈ, ਕਿਉਂਕਿ ਵਿਕਾਸ ਅਮਨ ਦਾ ਦੂਜਾ ਨਾਂ ਹੈ । ਸੰਸਾਰ ਦਾ ਵੱਧਣਾ-ਫੁਲਣਾ, ਤਰੱਕੀ ਕਰਨਾ, ਅਮਨ ਚੈਨ ਨਾਲ ਰਹਿਣਾ, ਇੱਕ ਦੂਜੇ ਦੀ ਦੁੱਖ ਦਰਦ ਵਿੱਚ ਮਦਦ ਕਰਨਾ, ਵਿਸ਼ਵ ਅਮਨ ਨਾਲ ਜੁੜਿਆ ਹੋਇਆ ਹੈ । ਵੱਖ ਵੱਖ ਦੇਸ਼ਾਂ ਦੇ ਰਾਜ ਪ੍ਰਮੁੱਖਾਂ ਤੇ ਆਗੂਆਂ ਨੂੰ ਜੰਗ ਦੇ ਖ਼ਿਲਾਫ ਕਾਰਜ ਸ਼ੀਲ ਹੋਣਾ ਚਾਹੀਦਾ ਹੈ । ਨਹੀਂ ਤਾਂ ਇਹ ਸੁੰਦਰ ਸੁਹਾਵਣੀ ਦੁਨੀਆਂ ਬਦਸੂਰਤ ਬਣ ਜਾਵੇਗੀ । ਇਸ ਨੂੰ ਖ਼ੂਬਸੂਰਤ ਰੱਖਣ ਲਈ ਵਿਸ਼ਵ ਅਮਨ ਬਹੁਤ ਜ਼ਰੂਰੀ ਹੈ ।

4. ਵਿਸ਼ਵ ਦੇ ਆਗੂਆਂ ਨੂੰ ਜੰਗ ਦੇ ਖਿਲਾਫ ਕੀ ਕਰਨਾ ਚਾਹੀਦਾ ਹੈ?

5. ਦੁਨੀਆਂ ਨੂੰ ਖ਼ੂਬਸੂਰਤ ਰੱਖਣ ਲਈ ਕਿਸ ਦੀ ਸਖਤ ਜ਼ਰੂਰਤ ਹੈ?

6. ਵਿਸ਼ਵ ਅਮਨ ਸਮੇਂ ਝਗੜੇ ਕਿਵੇਂ ਨਜਿੱਠੇ ਜਾਂਦੇ ਹਨ ?

7. ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

8. **ਔਖੇ ਸ਼ਬਦਾਂ ਦੇ ਅਰਥ ਲਿਖੋ :**

   ਸਨਮਾਨ, ਉਸਾਰੂ, ਬਦਸੂਰਤ, ਮੋਕਲਾ

**(9-13) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[5 × 2 = 10]**

9. ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦੇ ਚਾਰ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ ।

10. ਗੀਤ ਦੇ ਕੋਈ, ਚਾਰ ਤੱਤਾਂ ਦੇ ਨਾਂ ਲਿਖੋ :

11. 'ਸ਼ਾਂਤ ਰਸ' ਦਾ ਸਥਾਈ ਭਾਵ ਦੱਸ ਕੇ ਉਦਾਹਰਨ ਲਿਖੋ ?

12. ਆਪਣੀ ਜਾਰੇ (ਗ਼ਜ਼ਲ) ਵਿੱਚ ਮਾਂ ਬੋਲੀ, ਮਾਂ ਜਣਨੀ, ਧਰਤੀ ਮਾਤਾ ਬਾਰੇ ਕੀ ਵਿਚਾਰ ਪੇਸ਼ ਕੀਤਾ ਗਿਆ ਹੈ? ਦੱਸੋ ।

13. ਮੋਹ-ਪਾਸ਼ ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

## <u>ਖੰਡ – ੲ</u>

**(14-17) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[4 × 3 = 12]**

**14.** ਇੱਕ ਇਲਮ ਦੀ ਊਣ ਹੈ, ਮੁੰਡੇ ਪੜ੍ਹਨੇ ਪਾਇ,
ਦੂਜਾ ਝੱਸ ਸ਼ਰਾਬ ਦਾ, ਇਸ ਤੋਂ ਜਾਨ ਛੁਡਾਇ,
ਤੀਜਾ ਐਬ ਕੁਪੱਤ ਦਾ, ਖਹਿ ਖਹਿ ਮਰੋ ਭਰਾਇ,
ਫੇਰ ਮੁਕੱਦਮੇ ਲੜਦਿਆਂ, ਝੁੱਗਾ ਉੱਜੜ ਜਾਇ ।

i) ਉਪਰੋਕਤ ਕਾਵਿ–ਬੰਦ ਦਾ ਪ੍ਰਸ਼ੰਗ ਲਿਖੋ ।
ii) ਉਪਰੋਕਤ ਕਾਵਿ–ਬੰਦ ਦੀ ਸਰਲ–ਵਿਆਖਿਆ ਲਿਖੋ ।
iii) ਔਖੇ ਸਬਦਾਂ ਦੇ ਅਰਥ ਲਿਖੋ :
ਇਲਮ , ਝੱਸ, ਕੁਪੱਤ, ਐਬ

ਜਾਂ

ਸਾਡਾ ਘੁੱਟੀ ਘੁੱਟੀ ਖੂਨ ਤੇਲ ਪੀ ਗਿਆ,
ਤੇ ਖਾਦ ਖਾ ਗੀ ਹੱਡ ਖਾਰ ਕੇ ।
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋ,
ਬੋਹਲ ਨੂੰ ਖੰਗੂਰਾ ਮਾਰ ਕੇ ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,
ਕਿ ਸੱਧਰਾਂ ਨੂੰ ਲੱਬੂ ਲੱਗਿਆ ।

i) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ–ਬੰਦ ਦੀ ਸਰਲ ਵਿਆਖਿਆ ਕਰੋ ।
iii) ਔਖੇ ਸਬਦਾਂ ਦੇ ਅਰਥ ਲਿਖੋ :
ਤਕਾਵੀ, ਬੋਹਲ, ਸੱਧਰਾ, ਲਾਂਬੂ

**15.** 'ਪੰਜਾਬ ਦੇ ਕਰਿਆ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

'ਦੁਸ਼ਮਣੀ ਦੀ ਦਾਸਤਾਨ' ਕਵਿਤਾ ਵਿੱਚ ਆਏ ਵਿਚਾਰਾਂ ਦਾ ਵਿਸਥਾਰ ਨਾਲ ਵਰਨਣ ਕਰੋ ।

**16.** 'ਸੱਚ ਵੀ ਮੁਥਾਜ ਹੈ' ਕਹਾਣੀ ਦਾ ਸੰਖੇਪ ਸਾਰ ਲਿਖੋ ।

ਜਾਂ

ਘੁੱਦੂ ਜਾਂ ਬਾਰੂ ਦੀ ਪਾਤਰ ਉਸਾਰੀ ਕਰੋ ।

**17.** ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ ।

ਸੰਗਤ ਦਾ ਫਲ

ਜਾਂ

ਕਰ ਮਜ਼ੂਰੀ ਖਾਹ ਚੂਰੀ

## ਖੰਡ – ਸ

**(18-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[3 × 4 = 12]**

**18.** ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ ।

ਅੱਖੀ ਡਿੱਠਾ ਮੇਲਾ

ਜਾਂ

ਬੇਰੁਜ਼ਗਾਰੀ ਦੀ ਸਮੱਸਿਆ

ਜਾਂ

ਸ਼ਹੀਦ ਭਗਤ ਸਿੰਘ

**19.** ਕਿਸੇ ਇੱਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਨਣ ਕਰੋ :

ਨਾਟਕ

ਜਾਂ

ਨਿੱਕੀ ਕਹਾਣੀ

**20.** ਪੰਜਾਬੀ ਨਾਵਲ ਦੇ ਇਤਿਹਾਸ ਤੇ ਸੰਖੇਪ ਝਾਤ ਪਾਉ ।

ਜਾਂ

ਪੰਜਾਬੀ ਨਿਬੰਧ ਦੇ ਇਤਿਹਾਸ ਉੱਪਰ ਸੰਖੇਪ ਨੋਟ ਲਿਖੋ ।

DO NOT WRITE ANYTHING HERE